7.1.96

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਨਾਟਕ 'ਸਭ ਕਿਛੁ ਹੋਤ ਉਪਾਇ' :** 28 ਦਸੰਬਰ, 1995, ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੁਰਬ ਸੀ। ਵੱਡੇ ਸਮਾਗਮਾਂ ਵਿਚ ਉਨ੍ਹਾਂ ਦੀ ਜੋ ਪੰਜਾਬ ਨੂੰ ਮਹਾਨ ਦੇਣ ਹੈ, ਯਾਦ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੇ ਸਾਧਾਰਨ ਮਨੁੱਖ ਦੀ ਮਾਨਸਿਕਤਾ ਵਿਚ ਜਿਸ ਤਰ੍ਹਾਂ ਤਬਦੀਲੀ ਲਿਆਂਦੀ ਅਤੇ ਪੰਜਾਬ ਦੀਆਂ ਮਾਨਵਵਾਦੀ ਸਭਿਆਚਾਰਕ ਕਦਰਾਂ ਕੀਮਤਾਂ ਉਸਾਰਨ ਵਿਚ ਆਪਣਾ ਹਿੱਸਾ ਪਾਇਆ, ਨਾਟਕ 'ਸਭ ਕਿਛੁ ਹੋਤ ਉਪਾਇ' ਉਸ ਸੰਦਰਭ ਵਿਚ ਇਕ ਮਹੱਤਵਪੂਰਨ ਯਾਦਗਾਰੀ ਕ੍ਰਿਤ ਹੈ। ਪ੍ਰੋ. ਗੁਰਦਿਆਲ ਸਿੰਘ ਫੁੱਲ ਜੋ ਉਸ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ 'ਚ ਅਧਿਆਪਕ ਸਨ, ਉਨ੍ਹਾਂ ਨੇ ਇਹ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਜਨਮ ਉਤਸਵ 'ਤੇ ਲਿਖਿਆ ਸੀ। ਇਹ ਜਨਵਰੀ 1967 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਖੇਡਿਆ ਗਿਆ ਸੀ।

ਇਹ ਨਾਟਕ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੇ ਪੰਜਾਬ ਦੀ ਸਮਾਜਿਕ ਅਤੇ ਰਾਜਨੀਤਕ ਹਾਲਤ ਨੂੰ ਪੇਸ਼ ਕਰਦਾ ਹੈ। ਮੁਗਲ ਰਾਜ ਦੇ ਔਰੰਗਜ਼ੇਬ ਦੌਰ ਵਿਚ ਧਾਰਮਿਕ ਦਹਿਸ਼ਤਵਾਦ ਦੇ ਵਿਰੁਧ ਆਨੰਦਪੁਰ ਸਾਹਿਬ ਇਕ ਐਸਾ ਕੇਂਦਰ ਹੋਂਦ ਵਿਚ ਆਉਂਦਾ ਹੈ ਜੋ ਕਿ ਹਰ ਕਿਸਮ ਦੇ ਜਬਰ ਦੇ ਵਿਰੁਧ ਸੰਘਰਸ਼ ਦਾ ਚਿੰਨ੍ਹ ਹੈ। ਮੁਗਲ ਹਾਕਮਾਂ ਨੂੰ ਵੀ ਇਹ ਅਹਿਸਾਸ ਹੋ ਗਿਆ ਹੈ ਕਿ ਆਨੰਦਪੁਰ ਸਾਹਿਬ ਇਕ ਬਾਗੀਆਂ ਦਾ ਕੇਂਦਰ ਹੋਂਦ ਵਿਚ ਆ ਰਿਹਾ ਹੈ। ਇਸ ਲਈ ਉਨ੍ਹਾਂ ਆਨੰਦਪੁਰ ਸਾਹਿਬ ਜਾਣ ਦੇ ਸਾਰੇ ਰਸਤਿਆਂ ਉਤੇ ਨਾਕਾਬੰਦੀ ਕੀਤੀ ਹੋਈ ਹੈ। ਨਾਟਕ ਦਾ ਕਾਰਜ ਵੀ ਦੋ ਥਾਵਾਂ 'ਤੇ ਹੁੰਦਾ ਹੈ। ਇਕ ਆਨੰਦਪੁਰ ਸਾਹਿਬ ਅਤੇ ਇਕ ਨਾਕਾਬੰਦੀ ਦੀ ਚੌਕੀ 'ਤੇ। ਨਾਕਾਬੰਦੀ ਵਾਲੀ ਚੌਕੀ 'ਤੇ ਇਕ ਜਾਬਰ ਫੌਜਦਾਰ ਆਨੰਦਪੁਰ ਸਾਹਿਬ ਜਾਣ ਵਾਲਿਆਂ 'ਤੇ ਜਬਰ ਕਰ ਰਿਹਾ ਹੈ। ਨਿਹੱਥੇ ਲੋਕ ਜਬਰ ਦੇ ਅੱਗੇ ਬੇਵੱਸ ਹਨ। ਬਾਣੀ ਦੀ ਇਕ ਤੁੱਕ ਬੇਵਸੀ ਦੇ ਵਾਤਾਵਰਣ ਨੂੰ ਉਸਾਰਦੀ ਹੈ: 'ਬਲ ਛੁਟਕਿਉ ਬੰਧਨ ਪਰੇ, ਕਛੁ ਨਾ ਹੋਤ ਉਪਾਇ।' ਇਸ ਬੇਵਸੀ ਦੀ ਹਾਲਤ ਵਿਚ ਇਕ ਆਸ ਦੀ ਕਿਰਨ ਹੈ, ਜਦੋਂ ਇਕ ਵਿਅਕਤੀ ਰਾਮ ਦਿਆਲ, ਜਿਹੜਾ ਆਨੰਦਪੁਰ ਸਾਹਿਬ ਤੋਂ ਵਾਪਸ ਆ ਰਿਹਾ ਹੈ, ਉਹ ਜਨੇਊ ਲਾਹੁਣ ਲਈ ਤਿਆਰ ਨਹੀਂ ਹੁੰਦਾ ਅਤੇ ਜ਼ਾਲਮਾਂ ਦੇ ਹੱਥੋਂ ਸ਼ਹਾਦਤ ਪਾ ਜਾਂਦਾ ਹੈ। ਉਹਦੇ ਚਿਹਰੇ 'ਤੇ ਜਲਾਲ ਹੈ ਕਿਉਂਕਿ ਉਹਦੇ ਕੰਨਾਂ ਵਿਚ ਇਹ ਸ਼ਬਦ ਗੂੰਜ ਰਹੇ ਹਨ : "ਸੂਰਾ ਸੋ ਪਹਿਚਾਨੀਏ ਜੋ ਲੜੇ ਦੀਨ ਕੇ ਹੇਤੁ..." ਦੂਜੀ ਥਾਂ 'ਤੇ ਜਿਹੜਾ ਨਾਟਕ ਵਾਪਰ ਰਿਹਾ ਹੈ ਉਹ ਇਕ ਸਿੰਘ ਪਰਿਵਾਰ ਦੀ ਜ਼ਬਾਨੀ ਗੁਰੂ ਦੇ ਫਲਸਫੇ ਦੀ ਵਿਆਖਿਆ ਹੈ। ਇਹ ਫਲਸਫਾ ਹੱਥ ਦੀ ਕਿਰਤ ਦੀ ਮਹਾਨਤਾ, ਜਾਤਪਾਤ ਦੀ ਵਿਰੋਧਤਾ ਅਤੇ ਜ਼ਾਲਮਾਂ ਦੇ ਮੁਕਾਬਲੇ ਲਈ ਸ਼ਸਤਰ ਉਠਾਉਣ ਅਤੇ ਸੰਘਰਸ਼ ਦਾ ਫਲਸਫਾ ਹੈ। ਨਾਟਕ ਦਾ ਸਿਖਰ ਹੈ ਜਦੋਂ ਕਿ ਇਕ ਨੌਂ-ਦਸ ਸਾਲ ਦਾ ਬੱਚਾ ਤਲਵਾਰ ਲੈ ਕੇ ਅਤਿਆਚਾਰੀਆਂ ਦੇ ਖਿਲਾਫ ਉਠਦਾ ਹੈ, ਜੋ ਉਹਦੀ ਭੈਣ ਦੀ ਇੱਜ਼ਤ ਲੁੱਟਣਾ ਚਾਹੁੰਦੇ ਹਨ ਅਤੇ ਸ਼ਬਦ ਦੇ ਬੋਲ ਉਚੇ ਹੁੰਦੇ ਹਨ : "ਬਲ ਹੂਆ, ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ।"

ਇਸ ਨਾਟਕ ਦੇ ਮੰਚਨ ਤੋਂ ਬਾਅਦ ਇਕ ਵਿਦਵਾਨ ਆਲੋਚਕ ਨੇ ਕਿਹਾ ਸੀ, "ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਸਿਧਾਂਤ ਕਿ ਤਾਕਤ ਅਤੇ ਇਰਾਦੇ ਨਾਲ ਹਰ ਮੁਸ਼ਕਿਲ ਦਾ ਹੱਲ ਲੱਭਿਆ ਜਾ ਸਕਦਾ ਹੈ ਜਾਂ ਜਦੋਂ ਸਾਰੇ ਹੀਲੇ ਮੁੱਕ ਜਾਣ ਤਾਂ ਜ਼ੁਲਮ ਦੇ ਖਿਲਾਫ ਤਲਵਾਰ ਚੁੱਕਣੀ ਹੀ ਪੈਂਦੀ ਹੈ।" ਇਸ ਨਾਟਕ ਵਿਚ ਪੂਰੀ ਤਰ੍ਹਾਂ ਰੂਪਮਾਨ ਹੋਇਆ ਹੈ। ਇਹਦੇ ਨਾਲ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਜਿਹੜੇ ਹਥਿਆਰ ਚੁੱਕਣ, ਉਹ ਲੋਕ ਹਿਤਾਂ ਦੇ ਪੂਰੀ ਤਰ੍ਹਾਂ ਮੁਦਈ ਹੋਣ। ਲੁਟੇਰੇ ਬਣ ਕੇ ਨਿਹੱਥਿਆਂ 'ਤੇ ਜ਼ੁਲਮ ਕਰਨਾ ਹਥਿਆਰਾਂ ਦੀ ਨਿਰਾਦਰੀ ਹੈ।

ਅੱਜ ਹਰ ਸੂਝਵਾਨ ਬੰਦੇ ਦਾ ਫਰਜ਼ ਹੈ ਕਿ ਉਹ 'ਬਲ ਛੁਟਕਿਉ ਬੰਧਨ ਪਰੇ ਕਛੁ ਨਾ ਹੋਤ ਉਪਾਇ' ਵਾਲੀ ਅਵਸਥਾ ਤੋਂ ਬਾਹਰ ਆ ਕੇ 'ਬਲ ਹੂਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ' ਵਾਲੀ ਅਵਸਥਾ ਵਿਚ ਆਏ। ਇਹ ਇਸ ਸਮੇਂ ਦੀ ਲੋੜ ਹੈ। ਇਹ ਉਸ ਮਹਾਨ ਗੁਰੂ ਨੂੰ ਸ਼ਰਧਾਂਜਲੀ ਹੈ।

**ਪਲਸ ਮੰਚ ਦਾ ਬਠਿੰਡਾ ਸਮਾਗਮ :** ਪਲਸ ਮੰਚ ਪੰਜਾਬ ਦੇ ਲੋਕ-ਪੱਖੀ ਸਭਿਆਚਾਰ ਦੀ ਨੁਮਾਇੰਦਗੀ ਕਰਦੀ ਹੋਈ ਸਾਰਿਆਂ ਨਾਲੋਂ ਵੱਡੀ ਸੰਗਠਿਤ ਸੰਸਥਾ ਹੈ। 1982 ਵਿਚ ਇਹਦੀ ਸਥਾਪਨਾ ਹੋਈ ਸੀ। 14 ਸਾਲਾਂ ਤੋਂ ਬਾਅਦ ਇਹਦੇ ਨਾਲ ਸਬੰਧਿਤ 11 ਨਾਟਕ ਅਤੇ ਸੰਗੀਤ ਟੀਮਾਂ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਆਪਣੀਆਂ ਸਰਗਰਮੀਆਂ ਕਰਦੀਆਂ ਹਨ। ਇਸ ਸੰਸਥਾ ਦਾ ਇਕੋ ਹੀ ਵੱਡਾ ਮੰਤਵ ਹੈ ਕਿ ਲੋਕ-ਪੱਖੀ ਸਭਿਆਚਾਰ ਨੂੰ ਵੱਧ ਤੋਂ ਵੱਧ ਲੋਕਾਂ ਵਿਚ, ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਲਿਜਾਇਆ ਜਾਵੇ। ਇਸ ਦੇ ਸਮਾਗਮਾਂ ਦਾ ਇਕ ਪੱਕਾ ਕਲੰਡਰ ਹੈ। ਓਮ ਪ੍ਰਕਾਸ਼ ਸ਼ਰਮਾ ਦੀ ਯਾਦ ਵਿਚ 10 ਜਨਵਰੀ ਪਿੰਡ ਕੁੱਸਾ, 25-26 ਜਨਵਰੀ ਸਾਰੀ ਰਾਤ ਦਾ ਸੰਗੀਤ ਨਾਟਕ ਮੇਲਾ ਦੇਸ਼ ਭਗਤ ਹਾਲ ਜਲੰਧਰ, 16 ਮਾਰਚ ਜੈਮਲ ਸਿੰਘ ਪੱਡਾ ਸਮਾਗਮ ਲਖਣ ਕੇ ਪੱਡਾ, 23 ਮਾਰਚ ਪਾਸ਼ ਸਮਾਗਮ ਤਲਵੰਡੀ ਸਲੇਮ, ਪਹਿਲੀ ਮਈ ਲੁਧਿਆਣਾ ਸਾਰੀ ਰਾਤ ਦਾ ਮੇਲਾ, 25 ਜੁਲਾਈ ਸੁਰਿੰਦਰ ਹੇਮ ਜਿਓਤੀ ਸਮਾਗਮ, 25 ਸਤੰਬਰ ਲੇਖਕ ਦਿਵਸ ਘੋਲੀਆਂ ਕਲਾਂ, 28 ਸਤੰਬਰ ਬਠਿੰਡਾ ਸਾਰੀ ਰਾਤ ਦਾ ਮੇਲਾ, 6 ਨਵੰਬਰ ਸੰਤ ਰਾਮ ਉਦਾਸੀ ਮੇਲਾ ਪਿੰਡ ਰਾਏਸਰ, 25 ਨਵੰਬਰ ਅਰਨੀਵਾਲ ਫਾਜ਼ਿਲਕਾ। ਇਸ ਤੋਂ ਇਲਾਵਾ ਬਿਆਸ, ਲੋਹੀਆਂ, ਮੁੱਲਾਂਪੁਰ, ਮਾਛੀਵਾੜਾ, ਸਮਰਾਲਾ, ਭਦੌੜ, ਫਗਵਾੜਾ, ਮੁਹਾਲੀ ਅਤੇ ਚੰਡੀਗੜ੍ਹ ਵਿਚ ਪਲਸ ਮੰਚ ਟੀਮਾਂ ਦੇ ਸਾਲਾਨਾ ਸਮਾਗਮ। ਇਸ ਸਾਲ ਦਾ ਆਖਰੀ ਮੇਲਾ 24 ਦਸੰਬਰ ਬਠਿੰਡਾ ਕੀਤਾ ਗਿਆ। ਇਹ ਨਾਟਕਾਂ ਦਾ ਅਤੇ ਸੰਗੀਤ ਮੇਲਾ ਬਠਿੰਡਾ ਦੇ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਗਰਾਊਂਡ ਵਿਚ ਬੜੀ ਹੀ ਸ਼ਾਨ ਨਾਲ ਵੱਡੀ ਹਾਜ਼ਰੀ ਵਿਚ ਦਿਨੇ 10 ਵਜੇ ਤੋਂ ਸ਼ਾਮ 5 ਵਜੇ ਤਕ ਕੀਤਾ ਗਿਆ। ਬਠਿੰਡਾ ਦਾ ਪਲਸ ਮੰਚ ਦੇ ਸਾਲਾਨਾ ਕਲੰਡਰ ਵਿਚ ਸ਼ਾਮਲ ਹੋ ਜਾਣਾ ਪਲਸ ਮੰਚ ਅਤੇ ਬਠਿੰਡਾ ਇਲਾਕੇ ਦੀ ਪ੍ਰਾਪਤੀ ਹੈ।

**ਇਕ ਕਾਵਿਕ ਵਿਅੰਗ ਦਾ ਟੋਟਾ :**

ਜਿਨ੍ਹਾਂ ਸਾਰੀ ਉਮਰ ਲੋਕਾਂ ਦੀਆਂ
ਅੱਖਾਂ ਵਿਚ ਘੱਟਾ ਪਾਇਆ ਹੈ।
ਉਨ੍ਹਾਂ ਹੁਣ ਦਾਨੀ ਬਣ ਕੇ
ਅੱਖਾਂ ਦਾ ਕੈਂਪ ਲਾਇਆ ਹੈ।

(ਜਗਸੀਰ ਜੀਦਾ)

7-1-1996